# COVID-19 ਲਈ ਜਾਂਚ: ਆਮ ਸਵਾਲ (FAQ)

ਦੋ ਮੁੱਖ ਕਿਸਮ ਦੇ ਟੈਸਟ ਹਨ:

- **ਡਾਇਗਨੋਸਟਿਕ ਟੈਸਟ**: ਇਸਦੀ ਪਛਾਣ ਕਰਨ ਲਈ ਕੀਤੇ ਜਾਣ ਵਾਲੇ ਸਵਾਬ ਜਾਂ ਲਾਰ ਦੇ ਟੈਸਟ ਕਿ **ਇਸ ਵੇਲੇ** ਕਿਸੇ ਨੂੰ ਕੋਵਿਡ-19 (COVID-19) ਹੈ ਜਾਂ ਨਹੀਂ (ਯਾਨੀ, ਇਸ ਵੇਲੇ ਉਹ ਬਿਮਾਰ ਹੈ ਜਾਂ ਨਹੀਂ)।
- **ਐਂਟੀਬਾਡੀ ਟੈਸਟ** (ਜਿਸਨੂੰ **ਸੇਰੋਲੋਜੀ ਟੈਸਟ** ਵੀ ਕਿਹਾ ਜਾਂਦਾ ਹੈ): ਇਸਦੀ ਪਛਾਣ ਕਰਨ ਲਈ ਕੀਤੇ ਜਾਣ ਵਾਲੇ ਖ਼ੂਨ ਟੈਸਟ ਕਿ ਕਿਸੇ ਨੂੰ **ਪਿੱਛਲੇ ਸਮੇਂ** ਵਿੱਚ ਕਦੇ COVID-19 ਹੋਇਆ ਸੀ ਜਾਂ ਨਹੀਂ।

## ਮੌਜੂਦਾ ਲਾਗ ਲਈ ਡਾਇਗਨੋਸਟਿਕ ਟੈਸਟ

### ਡਾਇਗਨੋਸਟਿਕ ਟੈਸਟ ਕਿਵੇਂ ਕੀਤਾ ਜਾਂਦਾ ਹੈ?

ਡਾਇਗਨੋਸਟਿਕ ਟੈਸਟ ਤੁਹਾਡੀ ਨੱਕ ਜਾਂ ਗਲੇ ਵਿੱਚ ਇੱਕ ਸਵਾਬ (ਜੋ ਇੱਕ ਲੰਬੀ Q-ਟਿਪ ਵਾਂਗ ਹੁੰਦਾ ਹੈ) ਪਾ ਕੇ ਜਾਂ ਲਾਰ ਇਕੱਠਾ ਕਰ ਕੇ ਕੀਤਾ ਜਾਂਦਾ ਹੈ। ਆਮ ਤੌਰ ’ਤੇ ਸਵਾਬ ਜਾਂ ਲਾਰ ਦੇ ਨਤੀਜੇ ਨੂੰ ਕਿਸੇ ਪ੍ਰਯੋਗਸ਼ਾਲਾ ਵਿੱਚ ਭੇਜਣ ਦੀ ਲੋੜ ਹੁੰਦੀ ਹੈ, ਹਾਲਾਂਕਿ ਕੁਝ ਟੈਸਟ ਕਿਸੇ ਸਿਹਤ ਸੰਭਾਲ ਪਰਦਾਤਾ ਦੇ ਦਫ਼ਤਰ ਵਿੱਚ ਕੀਤੇ ਜਾ ਸਕਦੇ ਹਨ। ਜੇਕਰ ਤੁਹਾਡੇ ਅੰਦਰ COVID-19 ਦੇ ਲੱਛਣ ਹਨ, ਤਾਂ ਆਪਣੇ ਟੈਸਟ ਦੇ ਨਤੀਜਿਆਂ ਲਈ ਉਡੀਕ ਕਰਦੇ ਹੋਏ ਤੁਹਾਨੂੰ ਜਿੰਨਾਂ ਹੋ ਸਕੇ ਘਰ ਵਿੱਚ ਰਹਿਣਾ ਚਾਹੀਦਾ ਹੈ (ਅਤੇ, ਜੇਕਰ ਤੁਹਾਡਾ ਨਤੀਜਾ ਪਾਜ਼ਿਟਿਵ ਆਉਂਦਾ ਹੈ, ਤਾਂ ਇੰਝ ਕਰਨਾ ਜਾਰੀ ਰੱਖੋ)।

### COVID-19 ਡਾਇਗਨੋਸਟਿਕ ਟੈਸਟ ਕਿਸਨੂੰ ਕਰਵਾਉਣਾ ਚਾਹੀਦਾ ਹੈ?

ਨਿਊ ਯਾਰਕ ਦੇ ਸਾਰੇ ਵਸਨੀਕਾਂ ਨੂੰ COVID-19 ਲਈ ਟੈਸਟ ਕਰਵਾਉਣਾ ਚਾਹੀਦਾ ਹੈ। ਜੇਕਰ ਤੁਹਾਡੇ ਅੰਦਰ ਲੱਛਣ ਹਨ, ਅਜਿਹੇ ਕਿਸੇ ਵਿਅਕਤੀ ਨਾਲ ਨਜ਼ਦੀਕੀ ਸੰਪਰਕ ਵਿੱਚ ਆਏ ਸੀ ਜਿਸ ਵਿੱਚ COVID-19 ਦੀ ਤਸ਼ਖ਼ੀਸ ਕੀਤੀ ਗਈ ਸੀ ਜਾਂ ਜਿਸਦੇ ਅੰਦਰ COVID-19 ਦੇ ਲੱਛਣ ਸਨ, ਹਾਲ ਹੀ ਵਿੱਚ ਕਿਸੇ ਵਿਰੋਧ ਜਾਂ ਹੋਰ ਵੱਡੇ ਇਕੱਠ ਵਿੱਚ ਸ਼ਾਮਲ ਸੀ, ਗੰਭੀਰ ਬਿਮਾਰੀ ਦੇ ਵਾਧੂ ਜੋਖਮ ਵਾਲੇ ਕਿਸੇ ਵਿਅਕਤੀ ਨਾਲ ਮੁਲਾਕਾਤ ਕਰਨ ਦੀ ਯੋਜਨਾ ਬਣਾ ਰਹੇ ਹੋ, ਕਿਸੇ ਸਮੂਹਕ ਰਿਹਾਇਸ਼ੀ ਸੈਟਿੰਗ (ਜਿਵੇਂ ਇੱਕ ਨਰਸਿੰਗ ਹੋਮ) ਵਿੱਚ ਰਹਿੰਦੇ ਜਾਂ ਕੰਮ ਕਰਦੇ ਹੋ, ਜਾਂ ਸਿਹਤ ਸੰਭਾਲ ਵਿੱਚ ਕੰਮ ਕਰਦੇ ਹੋ ਜਾਂ ਤੁਹਾਡੀ ਅਜਿਹੀ ਨੌਕਰੀ ਹੈ ਜਿਸ ਵਿੱਚ ਦੂਜਿਆਂ ਨਾਲ ਨਿਯਮਿਤ ਨਜ਼ਦੀਕੀ ਸੰਪਰਕ ਰੱਖਣਾ ਸ਼ਾਮਲ ਹੈ ਤਾਂ ਟੈਸਟ ਕਰਵਾਉਣਾ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ। ਕੋਈ ਟੈਸਟਿੰਗ ਸਾਈਟ ਲੱਭਣ ਲਈ, **nyc.gov/covidtest** ’ਤੇ ਜਾਓ।

### ਡਾਇਗਨੋਸਟਿਕ ਟੈਸਟ ਦੇ ਪਾਜ਼ਿਟਿਵ ਨਤੀਜੇ ਦਾ ਕੀ ਮਤਲਬ ਹੈ?

ਟੈਸਟ ਦੇ **ਪਾਜ਼ਿਟਿਵ** ਨਤੀਜੇ ਦਾ ਇਹ ਮਤਲਬ ਹੈ ਕਿ **ਹੁਣ ਤੁਹਾਨੂੰ COVID-19 ਹੋਣ ਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੈ** ਅਤੇ ਤੁਹਾਨੂੰ ਘਰ ਵਿੱਚ ਰਹਿਣਾ ਚਾਹੀਦਾ ਹੈ ਅਤੇ ਦੂਜਿਆਂ ਵਿੱਚ ਵਾਇਰਸ ਫੈਲਾਉਣ ਦੇ ਜੋਖਮ ਨੂੰ ਘਟਾਉਣ ਲਈ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਫੇਸ ਕਵਰਿੰਗ ਦੀ ਵਰਤੋਂ ਕਰਨਾ ਅਤੇ ਹੱਥਾਂ ਦੀ ਚੰਗੀ ਸਾਫ਼-ਸਫ਼ਾਈ ਅਤੇ ਭੌਤਿਕ ਦੂਰੀ ’ਤੇ ਅਮਲ ਕਰਨਾ ਸ਼ਾਮਲ ਹਨ। ਬਿਮਾਰ ਹੋਣ ’ਤੇ ਕੀ ਕਰਨਾ ਚਾਹੀਦਾ ਹੈ, ਦੂਜਿਆਂ ਦੀ ਰੱਖਿਆ ਕਿਵੇਂ ਕਰਨੀ ਹੈ, ਤੁਸੀਂ ਘਰੋਂ ਬਾਹਰ ਕਦੋਂ ਨਿਕਲ ਸਕਦੇ ਹੋ ਅਤੇ ਦੇਖਭਾਲ ਕਦੋਂ ਪ੍ਰਾਪਤ ਕਰਨੀ ਚਾਹੀਦੀ ਹੈ, ਇਸ ਬਾਰੇ ਜਾਣਕਾਰੀ **nyc.gov/health/coronavirus**’ਤੇ ਉਪਲਬਧ ਹੈ।

**ਡਾਇਗਨੋਸਟਿਕ ਟੈਸਟ ਦੇ ਨੇਗੇਟਿਵ ਨਤੀਜੇ ਦਾ ਕੀ ਮਤਲਬ ਹੈ?**

ਟੈਸਟ ਦੇ **ਨੇਗੇਟਿਵ** ਨਤੀਜੇ ਦਾ ਇਹ ਮਤਲਬ ਹੈ ਕਿ ਇਸਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੈ ਕਿ ਤੁਹਾਨੂੰ COVID-19 **ਨਹੀਂ** ਹੈ। ਤੁਹਾਨੂੰ ਚੰਗੀ ਸਾਫ਼-ਸਫ਼ਾਈ ਅਤੇ ਭੌਤਿਕ ਦੂਰੀ 'ਤੇ ਅਮਲ ਕਰਨਾ ਅਤੇ ਫੇਸ ਕਵਰਿੰਗ ਪਹਿਨਣਾ ਜਾਰੀ ਰੱਖਣਾ ਚਾਹੀਦਾ ਹੈ। ਇਹ ਖ਼ਾਸ ਤੌਰ 'ਤੇ ਓਦੋਂ ਮਹੱਤਵਪੂਰਨ ਹੈ ਜੇਕਰ ਤੁਹਾਡੇ ਅੰਦਰ ਲੱਛਣ ਹਨ ਕਿਉਂਕਿ ਇਹ ਮੁਮਕਿਨ ਹੈ ਕਿ ਤੁਹਾਡੇ ਅੰਦਰ ਵਾਇਰਸ ਹੈ ਪਰ ਟੈਸਟ ਨੇ ਉਸਦਾ ਪਤਾ ਨਹੀਂ ਲਗਾਇਆ।

## <u>ਪਿੱਛਲੀ ਲਾਗ ਲਈ ਐਂਟੀਬਾਡੀ ਟੈਸਟ</u>

**ਐਂਟੀਬਾਡੀਜ਼ ਕੀ ਹੁੰਦੀਆਂ ਹਨ?**

ਐਂਟੀਬਾਡੀਜ਼ ਅਜਿਹੇ ਖ਼ਾਸ ਪ੍ਰੋਟੀਨ ਹੁੰਦੇ ਹਨ, ਲਾਗਾਂ ਨਾਲ ਲੜਨ ਵਿੱਚ ਮਦਦ ਕਰਨ ਲਈ ਸਰੀਰ ਜਿਨ੍ਹਾਂਨੂੰ ਪੈਦਾ ਕਰਦਾ ਹੈ। ਉਹ ਉਦੋਂ ਵੀ ਪੈਦਾ ਕੀਤੇ ਜਾ ਸਕਦੇ ਹਨ ਭਾਵੇਂ ਕਿਸੇ ਵਿਅਕਤੀ ਵਿੱਚ ਕੁਝ ਜਾਂ ਕੋਈ ਵੀ ਲੱਛਣ ਨਾ ਹੋਣ। ਆਮ ਤੌਰ 'ਤੇ ਲਾਗ ਤੋਂ ਬਾਅਦ ਐਂਟੀਬਾਡੀਜ਼ ਪੈਦਾ ਹੋਣ ਅਤੇ ਖੂਨ ਵਿੱਚ ਖੋਜਣਯੋਗ ਬਣਨ ਵਿੱਚ ਕੁਝ ਸਮਾਂ ਲੱਗਦਾ ਹੈ। ਕਦੇ-ਕਦਾਈਂ ਐਂਟੀਬਾਡੀਜ਼ ਉਹੀ ਲਾਗ ਦੁਬਾਰਾ ਹੋਣ ਤੋਂ ਸਾਨੂੰ ਬਚਾਉਂਦੀਆਂ ਹਨ, ਪਰ **ਅਜੇ ਅਸੀਂ ਇਹ ਨਹੀਂ ਜਾਣਦੇ ਕਿ COVID-19 ਲਈ ਇਹ ਸੱਚ ਹੈ ਜਾਂ ਨਹੀਂ।** ਅਜੇ ਸਾਨੂੰ ਇਹ ਵੀ ਨਹੀਂ ਪਤਾ ਜਦੋਂ ਕਿਸੇ ਨੂੰ COVID-19 ਹੁੰਦਾ ਹੈ ਤਾਂ ਕਿੰਨੀ ਛੇਤੀ ਐਂਟੀਬਾਡੀਜ਼ ਬਣਦੀਆਂ ਹਨ ਜਾਂ ਅਸੀਂ ਲੋਕਾਂ ਵਿੱਚ ਲਾਗ ਲਈ ਪ੍ਰਤਿਕਿਰਿਆ ਵਿੱਚ ਬਣਨ ਵਾਲੀਆਂ ਐਂਟੀਬਾਡੀਜ਼ ਦੀ ਮਾਤਰਾ ਅਤੇ ਕਿਸਮ ਬਾਰੇ ਵੀ ਨਹੀਂ ਜਾਣਦੇ।

**COVID-19 ਐਂਟੀਬਾਡੀ ਟੈਸਟ ਦਾ ਉਦੇਸ਼ ਕੀ ਹੈ?**

ਐਂਟੀਬਾਡੀ ਟੈਸਟ COVID-19 ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਸਾਡੀ ਮਦਦ ਕਰ ਸਕਦਾ ਹੈ, ਜਿਸ ਵਿੱਚ ਇਹ ਸ਼ਾਮਲ ਹੈ ਕਿ ਸਰੀਰ ਵਾਇਰਸ ਲਈ ਕਿਵੇਂ ਪ੍ਰਤਿਕਿਰਿਆ ਕਰਦਾ ਹੈ ਅਤੇ ਅਕਸਰ ਕਿੰਨੀ ਵਾਰ ਵਾਇਰਸ ਲੱਛਣਾਂ ਨਾਲ ਲਾਗ ਪੈਦਾ ਕਰਦਾ ਹੈ। ਇਹ ਅੰਦਾਜ਼ਾ ਲਗਾਉਣ ਵਿੱਚ ਵੀ ਇਹ ਸਾਡੀ ਮਦਦ ਕਰ ਸਕਦਾ ਹੈ ਕਿ ਕਿੰਨੇ ਲੋਕਾਂ ਨੂੰ COVID-19 ਹੋ ਚੁੱਕਾ ਹੈ। **ਇਹ ਟੈਸਟ ਜਨਤੱਕ ਸਿਹਤ ਲਈ ਮਹੱਤਵਪੂਰਨ ਹਨ ਪਰ ਨਿੱਜੀ ਸਿਹਤ ਲਈ ਇਨ੍ਹਾਂ ਦੀ ਵਿਆਖਿਆ ਕਰਨਾ ਮੁਸ਼ਕਲ ਹੈ, ਕਿਉਂਕਿ ਅਜੇ ਅਸੀਂ ਨਹੀਂ ਜਾਣਦੇ ਕਿ ਐਂਟੀਬਾਡੀਜ਼ ਲੋਕਾਂ ਨੂੰ ਵਾਇਰਸ ਵੱਲ ਇਮਿਊਨ ਬਣਾਉਂਦੀਆਂ ਹਨ ਜਾਂ ਨਹੀਂ।**

**ਐਂਟੀਬਾਡੀ ਟੈਸਟ ਕੌਣ ਕਰਵਾ ਸਕਦਾ ਹੈ?**

ਜਦੋਂ ਕੋਈ ਬਿਮਾਰ ਹੁੰਦਾ ਹੈ ਓਦੋਂ ਐਂਟੀਬਾਡੀਜ਼ ਵਿਕਸਿਤ ਹੋਣ ਵਿੱਚ ਸਮਾਂ ਲੱਗਦਾ ਹੈ, ਇਸ ਲਈ ਅਜਿਹੇ ਕਿਸੇ ਵਿਅਕਤੀ ਦੇ ਐਂਟੀਬਾਡੀ ਟੈਸਟ ਦਾ ਸਹੀ ਨਤੀਜਾ ਨਹੀਂ ਆਵੇਗਾ ਜੋ ਬਿਮਾਰ ਹੈ ਜਾਂ ਹਾਲ ਹੀ ਵਿੱਚ ਬਿਮਾਰ ਸੀ। ਅਜਿਹੇ ਕਿਸੇ ਵਿਅਕਤੀ 'ਤੇ ਐਂਟੀਬਾਡੀ ਟੈਸਟ **ਨਹੀਂ** ਕੀਤਾ ਜਾਣਾ ਚਾਹੀਦਾ ਜਿਸਨੂੰ COVID-19 ਦੇ ਲੱਛਣ ਹਨ, ਪਿੱਛਲੇ ਦੋ ਹਫ਼ਤਿਆਂ ਦੇ ਅੰਦਰ COVID-19 ਦੇ ਲੱਛਣ ਸਨ, ਜਾਂ ਪਿੱਛਲੇ ਦੋ ਹਫ਼ਤਿਆਂ ਵਿੱਚ (ਉਸ ਮਿਤੀ ਦੇ ਅਧਾਰ 'ਤੇ ਜਦੋਂ ਨਮੂਨਾ ਲਿਆ ਗਿਆ ਸੀ) ਜਿਸਦਾ ਡਾਇਗਨੋਸਟਿਕ ਟੈਸਟ ਪਾਜ਼ਿਟਿਵ ਰਿਹਾ ਸੀ।

**ਐਂਟੀਬਾਡੀ ਟੈਸਟ ਕਿਵੇਂ ਕੀਤਾ ਜਾਂਦਾ ਹੈ?**

ਐਂਟੀਬਾਡੀ ਟੈਸਟ ਲਈ ਉਂਗਲ ਵਿੱਚ ਸੂਈ ਮਾਰ ਕੇ ਜਾਂ ਤੁਹਾਡੀ ਬਾਂਹ ਵਿੱਚ ਕਿਸੇ ਨਾੜੀ ਵਿੱਚੋਂ ਖੂਨ ਕੱਢਣ ਰਾਹੀਂ ਖੂਨ ਦਾ ਨਮੂਨਾ ਲੈਣ ਦੀ ਲੋੜ ਹੁੰਦੀ ਹੈ। ਫਿਰ ਤੁਹਾਡੇ ਖੂਨ ਦੇ ਨਮੂਨੇ ਨੂੰ ਕਿਸੇ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਵੇਗਾ।

**ਐਂਟੀਬਾਡੀ ਟੈਸਟ ਦੇ ਪਾਜ਼ਿਟਿਵ ਨਤੀਜੇ ਦਾ ਕੀ ਮਤਲਬ ਹੈ?**

ਟੈਸਟ ਦੇ **ਪਾਜ਼ਿਟਿਵ** ਨਤੀਜੇ ਦਾ ਇਹ ਮਤਲਬ ਹੈ ਕਿ ਤੁਹਾਡੇ ਖ਼ੂਨ ਵਿੱਚ ਐਂਟੀਬਾਡੀਜ਼ ਪਾਈਆਂ ਗਈਆਂ ਸਨ ਅਤੇ ਇਹ ਕਿ **ਪਿੱਛਲੇ ਸਮੇਂ ਵਿੱਚ ਕਦੇ ਤੁਹਾਨੂੰ ਸੰਭਾਵੀ ਤੌਰ 'ਤੇ COVID-19 ਹੋਇਆ ਸੀ।** ਹਾਲਾਂਕਿ ਇਹ ਵੀ ਮੁਮਕਿਨ ਹੈ ਕਿ ਤੁਹਾਨੂੰ COVID-19 ਨਹੀਂ ਸੀ ਅਤੇ ਪਾਈਆਂ ਗਈਆਂ ਐਂਟੀਬਾਡੀਜ਼ ਕਿਸੇ ਸੰਬੰਧਿਤ ਵਾਇਰਸ ਨਾਲ ਲਾਗ ਵਜੋਂ ਸਨ। ਕਦੇ-ਕਦਾਈਂ ਇਸਨੂੰ ਫੌਲਸ ਪਾਜ਼ਿਟਿਵ ਕਿਹਾ ਜਾਂਦਾ ਹੈ।

**ਜੇਕਰ ਮੇਰਾ ਟੈਸਟ ਪਾਜ਼ਿਟਿਵ ਆਉਂਦਾ ਹੈ, ਤਾਂ ਕੀ ਉਸਦਾ ਮਤਲਬ ਇਹ ਹੈ ਕਿ ਮੈਂ COVID-19 ਵੱਲ ਇਮਿਊਨ ਹਾਂ?**

ਸਾਨੂੰ ਅਜੇ ਪਤਾ ਨਹੀਂ ਹੈ ਕਿ COVID-19 ਲਈ ਪ੍ਰਤਿਕਿਰਿਆ ਵਿੱਚ ਵਿਕਸਿਤ ਹੋਣ ਵਾਲੀਆਂ ਐਂਟੀਬਾਡੀਜ਼ ਫਿਰ ਉਹੀ ਲਾਗ ਲੱਗਣ ਤੋਂ ਸਾਡੀ ਰੱਖਿਆ ਕਰਦੀਆਂ ਹਨ ਜਾਂ ਨਹੀਂ ਜਾਂ, ਜੇਕਰ ਕੋਈ ਸੁਰੱਖਿਆ ਹੈ, ਤਾਂ ਉਹ ਕਿੰਨੇ ਸਮੇਂ ਤੱਕ ਚੱਲੇਗੀ। ਇਹ ਜ਼ਰੂਰੀ ਹੈ ਕਿ ਤੁਸੀਂ ਭੌਤਿਕ ਦੂਰੀ ਦੀ ਪਾਲਣਾ ਕਰਨੀ, ਹੱਥਾਂ ਦੀ ਚੰਗੀ ਸਾਫ਼-ਸਫ਼ਾਈ 'ਤੇ ਅਮਲ ਕਰਨਾ ਅਤੇ ਫੇਸ ਕਵਰਿੰਗ ਪਹਿਨਣਾ ਜਾਰੀ ਰੱਖੋ।

**ਐਂਟੀਬਾਡੀ ਟੈਸਟ ਦੇ ਨੇਗੇਟਿਵ ਨਤੀਜੇ ਦਾ ਕੀ ਮਤਲਬ ਹੈ?**

ਟੈਸਟ ਦੇ **ਨੇਗੇਟਿਵ** ਨਤੀਜੇ ਦਾ ਇਹ ਮਤਲਬ ਹੈ ਕਿ ਤੁਹਾਡੇ ਖ਼ੂਨ ਵਿੱਚ ਐਂਟੀਬਾਡੀਜ਼ ਨਹੀਂ ਪਾਈਆਂ ਗਈਆਂ ਸਨ ਅਤੇ ਇਹ ਕਿ ਇਸਦੀ ਜ਼ਿਆਦਾ ਸੰਭਾਵਨਾ ਹੈ ਕਿ ਤੁਹਾਨੂੰ COVID-19 **ਨਹੀਂ** ਹੋਇਆ ਸੀ। ਹਾਲਾਂਕਿ, ਇਸਦਾ ਮਤਲਬ ਹੈ ਕਿ ਤੁਹਾਨੂੰ COVID-19 ਹੋਇਆ ਸੀ ਪਰ:

- ਐਂਟੀਬਾਡੀਜ਼ ਵਿਕਸਿਤ ਹੋਣ ਲਈ ਪਰਯਾਪਤ ਸਮਾਂ ਨਹੀਂ ਮਿਲਿਆ ਹੈ; **ਜਾਂ**
- ਤੁਹਾਡੇ ਸਰੀਰ ਨੇ ਟੈਸਟ ਲਈ ਪਰਯਾਪਤ ਮਾਤਰਾ ਵਿੱਚ ਐਂਟੀਬਾਡੀਜ਼ ਨਹੀਂ ਬਣਾਈਆਂ ਸਨ ਤਾਂ ਜੋ ਉਨ੍ਹਾਂ ਦਾ ਪਤਾ ਲਗਾਇਆ ਜਾਂਦਾ, **ਜਾਂ**
- ਵਰਤੇ ਗਏ ਐਂਟੀਬਾਡੀ ਟੈਸਟ ਦੀ ਸ਼ੁੱਧਤਾ ਨਾਲ ਸਮੱਸਿਆਵਾਂ ਸਨ

**ਜੇਕਰ ਮੇਰਾ ਟੈਸਟ ਪਾਜ਼ਿਟਿਵ ਆਉਂਦਾ ਹੈ, ਤਾਂ ਕੀ ਮੇਰਾ ਆਪਣੇ ਪਰਿਵਾਰ ਅਤੇ ਦੂਜਿਆਂ ਦੇ ਆਲੇ-ਦੁਆਲੇ ਰਹਿਣਾ ਸੁਰੱਖਿਅਤ ਹੈ?**

ਟੈਸਟ ਪਾਜ਼ਿਟਿਵ ਆਉਣ ਦਾ ਇਹ ਮਤਲਬ ਹੈ ਕਿ ਪਿੱਛਲੇ ਸਮੇਂ ਵਿੱਚ ਕਦੇ ਤੁਹਾਨੂੰ ਸੰਭਾਵੀ ਤੌਰ 'ਤੇ COVID-19 ਹੋਇਆ ਸੀ। ਜੋ ਸਮਾਂ ਲੰਘ ਗਿਆ ਹੈ ਉਸ ਦੇ ਮੁਤਾਬਕ, ਹੁਣ ਤੁਸੀਂ ਉਸ ਲਾਗ ਨਾਲ ਸੰਕਰਾਮਕ ਨਹੀਂ ਹੋ। ਹਾਲਾਂਕਿ, ਸਾਨੂੰ ਅਜੇ ਵੀ ਨਹੀਂ ਪਤਾ ਕਿ ਤੁਹਾਨੂੰ ਦੁਬਾਰਾ COVID-19 ਹੋ ਸਕਦਾ ਹੈ ਜਾਂ ਨਹੀਂ।

**ਕੀ ਮੇਰੇ ਟੈਸਟ ਦਾ ਨਤੀਜਾ ਇਸ 'ਤੇ ਅਸਰ ਕਰੇਗਾ ਕਿ ਮੈਂ ਕੰਮ 'ਤੇ ਜਾ ਸਕਦਾ/ਸਕਦੀ ਹਾਂ ਜਾਂ ਨਹੀਂ?**

ਨਹੀਂ। ਤੁਹਾਡੇ ਜਾਂ ਤੁਹਾਡੇ ਮਾਲਕ ਦੁਆਰਾ ਕੰਮ 'ਤੇ ਜਾਣ ਬਾਰੇ ਕੋਈ ਵੀ ਫੈਸਲਾ ਲੈਣ ਲਈ ਟੈਸਟ ਦੇ ਪਾਜ਼ਿਟਿਵ ਜਾਂ ਨੇਗੇਟਿਵ ਨਤੀਜੇ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਤੁਹਾਨੂੰ ਆਪਣੇ ਟੈਸਟ ਦੇ ਨਤੀਜੇ ਦੀ ਪਰਵਾਹ ਕੀਤੇ ਬਿਨਾਂ ਫੇਸ ਕਵਰਿੰਗ ਪਹਿਨਣਾ ਅਤੇ ਆਪਣੇ ਮਾਲਕ ਦੁਆਰਾ ਸਿਫਾਰਸ਼ ਕੀਤੇ ਗਏ ਨਿੱਜੀ ਸੁਰੱਖਿਆ ਉਪਕਰਣਾਂ ਦੀ ਵਰਤੋਂ ਕਰਨੀ ਜਾਰੀ ਰੱਖਣੀ ਚਾਹੀਦੀ ਹੈ।

**ਸਥਿਤੀ ਬਦਲਣ ਦੇ ਨਾਲ-ਨਾਲ NYC ਸਿਹਤ ਵਿਭਾਗ ਸਿਫਾਰਸ਼ਾਂ ਨੂੰ ਬਦਲ ਸਕਦਾ ਹੈ।** 7.13.20